| | |
|---|---|
| | BCM SCHOOL BASANT AVENUE DUGRI LUDHIANA |
| | Class III Punjabi Revision Assignment |
| **i)** | **ਹੇਠ ਦਿੱਤਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:** |
| | ਇੱਕ ਵਾਰ ਇੱਕ ਰਾਜਾ ਦੁਸ਼ਮਣ ਤੋਂ ਹਾਰ ਕੇ ਇੱਕ ਜੰਗਲ ਵਿੱਚ ਚਲਾ ਗਿਆ ਅਤੇ ਇੱਕ ਗੁਫ਼ਾ ਵਿੱਚ ਰੁੱਕ ਗਿਆ। ਇੱਕ ਦਿਨ ਉਹ ਗੁਫ਼ਾ ਦੇ ਬਾਹਰ ਇੱਕ ਚਟਾਨ ਉੱਤੇ ਬੈਠਾ ਸੀ। ਗੁਫ਼ਾ ਦੀ ਛੱਤ ਦੇ ਕੋਲ ਕੰਧ ਉੱਤੇ ਮੱਕੜੀ ਦਾ ਜਾਲਾ ਲੱਗਾ ਹੋਇਆ ਸੀ। ਇੱਕ ਮੱਕੜੀ ਉਸ ਜਾਲੇ ਤੱਕ ਪਹੁੰਚਣਾ ਚਾਹੁੰਦੀ ਸੀ ਪਰ ਜਦੋਂ ਵੀ ਉਹ ਥੋੜਾ ਉੱਪਰ ਚੜ੍ਹਦੀ ਤਾਂ ਤਿਲਕ ਕੇ ਹੇਠਾਂ ਡਿੱਗ ਪੈਂਦੀ। ਪਰ ਮੱਕੜੀ ਵਾਰ- ਵਾਰ ਕੋਸ਼ਿਸ਼ ਕਰਦੀ ਰਹੀ ਅਤੇ ਅੰਤ ਵਿੱਚ ਜਾਲੇ ਤੱਕ ਪਹੁੰਚ ਗਈ। ਇਹ ਵੇਖ ਕੇ ਰਾਜੇ ਨੇ ਪ੍ਰੇਰਨਾ ਲਈ ਅਤੇ ਦੁਬਾਰਾ ਹਮਲਾ ਕਰਕੇ ਆਪਣਾ ਰਾਜ ਵਾਪਸ ਜਿੱਤ ਲਿਆ। |
| ਪ੍ਰ:1 | ੳ) ਗੁਫ਼ਾ ਉੱਤੇ ਅ) <u>**ਚਟਾਨ ਉੱਤੇ**</u> ੲ) ਜੰਗਲ ਉੱਤੇ |
| ਪ੍ਰ:2 | ਅੰਤ ਵਿੱਚ ਮੱਕੜੀ ਕਿੱਥੇ ਪਹੁੰਚ ਗਈ? |
| | ੳ) <u>**ਜਾਲੇ ਤੱਕ**</u> ਅ) ਛੱਤ ਤੱਕ ੲ) ਕੰਧ ਤੱਕ |
| ਪ੍ਰ:3 | ਖਾਲੀ ਥਾਂ ਲਈ ਸਹੀ ਵਿਕਲਪ ਚੁਣੋ: |
| | ਇਹ ਵੇਖ ਕੇ ਰਾਜੇ ਨੇ________ਲਈ। |
| | ੳ) ਵਾਪਸ ਅ) ਜਿੱਤ ੲ) <u>**ਪ੍ਰੇਰਨਾ**</u> |
| ਪ੍ਰ:4 | **ਦੋਸਤ** ਸ਼ਬਦ ਦੇ <u>ਵਿਰੋਧੀ</u> ਸ਼ਬਦ ਲਈ ਸਹੀ ਵਿਕਲਪ ਚੁਣੋ: |
| | ੳ) ਆਪਣਾ ਅ) ਮਿੱਤਰ ੲ) <u>**ਦੁਸ਼ਮਣ**</u> |
| ਪ੍ਰ:5 | ਸਹੀ ਜਾਂ ਗਲਤ ਦਾ ਨਿਸ਼ਾਨ ਲਗਾਓ: |
| | ਪਰ ਮੱਕੜੀ ਵਾਰ- ਵਾਰ ਕੋਸ਼ਿਸ਼ ਕਰਦੀ ਰਹੀ।( ✓ ) |
| **ii)** | **ਹੇਠ ਦਿੱਤਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ <u>ਇੱਕ ਸ਼ਬਦ</u> ਵਿੱਚ ਦਿਓ:** |
| | **ਇਸ ਆਟੇ ਤੋਂ ਕਮਾਏ ਧਨ ਨਾਲ ਮੈਂ ਦੋ ਬੱਕਰੀਆਂ ਖਰੀਦਾਂਗਾ।** |
| **1.** | **ਇਹ ਸਤਰਾਂ ਕਿਸ ਪਾਠ ਵਿੱਚੋਂ ਲਈਆਂ ਗਈਆਂ ਹਨ?** |
| | ਕਲਪਨਾ ਦਾ ਸੰਸਾਰ |
| **2.** | ਇਹ ਸ਼ਬਦ ਕਿਸ ਨੇ ਕਹੇ? |
| | ਪੰਡਤ ਨੇ |
| **3.** | ਵਚਨ ਬਦਲੋ: ਬੱਕਰੀ - ਬੱਕਰੀਆਂ |
| **iii)** | **ਸਹੀ ਵਿਕਲਪ ਚੁਣੋ ਅਤੇ ਗੋਲਾ ਲਗਾਓ:** |
| **1.** | ਬਸੰਤ ਤੋਂ ਬਾਅਦ ਕਿਹੜੀ ਰੁੱਤ ਆਉਂਦੀ ਹੈ? |
| | <u>**ਗਰਮੀ**</u> ਵਰਖਾ ਪਤਝੜ |
| **2.** | ਗਰਮੀ ਦਾ ਵਿਰੋਧੀ ਸ਼ਬਦ ਕੀ ਹੈ? |

| | |
|---|---|
| | ਅੱਗ **<u>ਸਰਦੀ</u>** ਗਰਮ |
| **3.** | ਤੇਰਾਂ ਤੋਂ ਬਾਅਦ ਕੀ ਆਉਂਦਾ ਹੈ**?** |
| | ਸਤਾਰਾਂ ਬਾਰਾਂ **<u>ਚੌਦਾਂ</u>** |
| **4.** | ਚਿੜਾ ਸ਼ਬਦ ਦਾ ਇਸਤਰੀ ਲਿੰਗ ਰੂਪ ਚੁਣੋ**:** |
| | ਚਿੜੀਆਂ **<u>ਚਿੜੀ</u>** ਚਿੜੇ |
| **5.** | ਸ਼ੁੱਧ ਰੂਪ ਚੁਣੋ**:** |
| | **<u>ਮੱਝ</u>** ਮੱਜ ਮਝ |
| iv) | **ਹੇਠ ਦਿੱਤੇ ਵਾਕਾਂ ਵਿੱਚੋਂ ਪੜਨਾਂਵ ਸ਼ਬਦ ਰੇਖਾਂਕਿਤ ਕਰੋ**: |
| **1.** | **<u>ਮੈਨੂੰ</u>** ਪਾਣੀ ਦੇ ਦਿਓ**।** |
| **2.** | ਰਮੇਸ਼ ਸਕੂਲ ਗਿਆ**, <u>ਉਹ</u>** ਅੱਜ ਜਲਦੀ ਨਿਕਲ ਗਿਆ ਸੀ**।** |
| **v)** | **ਗਿਣਤੀ ਸ਼ਬਦਾਂ ਵਿੱਚ ਲਿਖੋ**: |
| **1.** | 22**- ਬਾਈ** **2.** 30**-** ਤੀਹ |
| **vi)** | **ਹੇਠ ਦਿੱਤੇ ਸ਼ਬਦਾਂ ਦੇ ਅਰਥ ਲਿਖੋ**: |
| **1.** | ਕਾਲ਼ **-** ਭੁੱਖਮਰੀ **2.** ਰੱਬਾ **-** ਪਰਮਾਤਮਾ |
| vii) | **ਵਾਕ ਬਣਾਉ**: |
| **1.** | ਪੁੱਤਰ **– any** **2.** ਭੁੱਲ **- any** |
| **x)** | **ਵਚਨ ਬਦਲੋ** |
| **1.** | ਵਛੇਰੀ **-** ਵਛੇਰੀਆਂ **2.** ਕਾਗ਼ਜ਼ **-** ਕਾਗਜ਼ਾਂ |
| viii) | **ਲਿੰਗ ਬਦਲੋ**: |
| **1.** | ਘੋੜਾ **-**ਘੋੜੀ **2.** ਹਿਰਨ **-** ਹਿਰਨੀ |
| **ix)** | **ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ**: |
| **1.** | ਰਬਾ **-** ਰੱਬਾ **2.** ਪੱਜਣਾ **-** ਭੱਜਣਾ |
| **x)** | **ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਵਾਕਾਂ ਵਿੱਚ ਦਿਉ**: |
| **1.** | ਗਾਂ ਦੇ ਬੱਚੇ ਨੂੰ ਕੀ-ਕੀ ਕਿਹਾ ਜਾਂਦਾ ਹੈ**?**<br>ਮੀਮਾ ਅਤੇ ਵੱਛਾ ਕਿਹਾ ਜਾਂਦਾ ਹੈ**।** |
| **2.** | ‘ਕਲਪਨਾ ਦਾ ਸੰਸਾਰ’ ਕਹਾਣੀ ਤੋਂ ਤੁਹਾਨੂੰ ਕੀ ਸਿੱਖਿਆ ਮਿਲਦੀ ਹੈ?<br>ਵਰਤਮਾਨ ਸਮੇਂ ਨੂੰ ਬੇਕਾਰ ਸੋਚਾਂ ਵਿੱਚ ਬਿਤਾਉਣ ਦੀ ਥਾਂ ਮਿਹਨਤ ਕਰੋ**।** |
| **xi)** | **ਹੇਠ ਦਿੱਤਾ ਚਿੱਤਰ ਵੇਖ ਕੇ** 4-5 **ਵਾਕ ਲਿਖੋ।** |

| | |
|---|---|
| | <br>Any sentences according to picture. |
| xii) | **ਬਿਮਾਰੀ ਦੀ ਛੁੱਟੀ ਲਈ ਅਰਜ਼ੀ ਲਿਖੋ।**<br>Check from your Punjabi notebook. |